State of California-Health and Human Services Agency
**Department of Health Care Services**
P.O. Box 989009, West Sacramento, CA 95798-9850

XX/XX/XXXX

S13 –

JOHN OR JANE SAMPLE
1234 SAMPLE STREET
ANYTOWN CA 90000

# ਤੁਹਾਡੇ Medi-Cal ਲਾਭ ਬਦਲ ਰਹੇ ਹਨ

ਪਿਆਰੇ [Member Name]:

ਇਹ ਪੱਤਰ ਤੁਹਾਡੇ ਸਿਹਤ ਲਾਭਾਂ ਬਾਰੇ ਹੈ। ਤੁਹਾਡੀ ਸਿਹਤ ਕਵਰੇਜ ਵਿੱਚ ਤਬਦੀਲੀ ਹੋਈ ਹੈ। ਹੁਣ ਤੁਹਾਨੂੰ **Medi-Cal ਸਿਹਤ ਯੋਜਨਾ** ਰਾਹੀਂ ਸਿਹਤ ਦੇਖਭਾਲ ਮਿਲੇਗੀ।

ਅਸੀਂ ਤੁਹਾਨੂੰ ਜਨਵਰੀ ਦੇ ਸ਼ੁਰੂ ਵਿੱਚ *My Medi-Cal Choice* ਪੈਕਟ ਭੇਜਿਆ ਸੀ। ਇਹ ਪੈਕੇਟ ਦੱਸਦਾ ਹੈ ਕਿ Medi-Cal ਸਿਹਤ ਯੋਜਨਾ ਨੂੰ ਕਿਵੇਂ ਚੁਣਨਾ ਹੈ। ਜੇ ਤੁਸੀਂ **1 ਮਾਰਚ, 2020** ਤੱਕ Medi-Cal ਸਿਹਤ ਯੋਜਨਾ ਨਹੀਂ ਚੁਣਦੇ ਹੋ, ਤਾਂ ਅਸੀਂ ਤੁਹਾਨੂੰ ਇਹਨਾਂ ਯੋਜਨਾਵਾਂ ਵਿੱਚ ਸ਼ਾਮਲ ਕਰਾਂਗੇ:

| ਨਾਮ: | ਸਿਹਤ ਯੋਜਨਾ: | ਦੰਦਾਂ ਦੀ ਯੋਜਨਾ: | ਸ਼ੁਰੂ ਹੋਣ ਦੀ ਤਾਰੀਖ: |
|---|---|---|---|
| <Insert Bene's Namexxxx> | <Insert MCPxxxxxxxxxxxxxxx> | Medi-Cal Dental | 3/1/2020 |

## ਕੀ ਬਦਲ ਰਿਹਾ ਹੈ?

ਤੁਹਾਡੀ ਸਿਹਤ ਕਵਰੇਜ **ਮੁਕੰਮਲ** Medi-Cal ਸੇਵਾਵਾਂ ਵਿੱਚ ਬਦਲ ਗਈ ਹੈ। ਤੁਹਾਨੂੰ ਹੁਣ ਹੋਰ ਜਿਆਦਾ ਲਾਭ ਮਿਲਣਗੇ। ਤੁਹਾਨੂੰ Medi-Cal ਸਿਹਤ ਯੋਜਨਾ ਰਾਹੀਂ ਦੇਖਭਾਲ ਮਿਲੇਗੀ।

ਮੁਕੰਮਲ Medi-Cal ਦੇ ਨਾਲ, ਤੁਸੀਂ Medi-Cal Fee-For-Service (ਆਮ Medi-Cal) ਸਵੀਕਾਰ ਕਰਦੇ ਕਿਸੇ ਵੀ ਡਾਕਟਰ ਤੋਂ ਦੋ ਮਹੀਨਿਆਂ ਤੱਕ ਸਿਹਤ ਦੇਖਭਾਲ ਸੇਵਾਵਾਂ ਪ੍ਰਾਪਤ ਕਰਦੇ ਰਹਿ ਸਕਦੇ ਹੋ। ਜਦੋਂ ਤੁਸੀਂ Medi-Cal ਸਿਹਤ ਯੋਜਨਾ ਵਿੱਚ ਸ਼ਾਮਲ ਹੋ ਜਾਂਦੇ ਹੋ, ਤਾਂ ਤੁਸੀਂ ਸਿਹਤ ਯੋਜਨਾ ਰਾਹੀਂ ਆਪਣੀਆਂ ਡਾਕਟਰੀ ਤੌਰ ਤੇ ਜ਼ਰੂਰੀ ਸੇਵਾਵਾਂ ਪ੍ਰਾਪਤ ਕਰੋਗੇ।

## Medi-Cal ਸਿਹਤ ਯੋਜਨਾ ਕੀ ਹੈ?

Medi-Cal ਸਿਹਤ ਯੋਜਨਾ ਡਾਕਟਰਾਂ ਦੇ "ਨੈੱਟਵਰਕ" (ਸਮੂਹ) ਦੁਆਰਾ ਤੁਹਾਨੂੰ ਡਾਕਟਰੀ ਤੌਰ ਤੇ ਜ਼ਰੂਰੀ ਸੇਵਾਵਾਂ ਮੁਹੱਈਆ ਕਰਦੀ ਹੈ। ਉਹ ਮੁੱਢਲੀ ਅਤੇ ਰੋਕਥਾਮ ਸੰਬੰਧੀ ਦੇਖਭਾਲ ਦਿੰਦੇ ਹਨ। ਜਦੋਂ ਤੁਸੀਂ Medi-Cal ਸਿਹਤ ਯੋਜਨਾ ਵਿੱਚ ਸ਼ਾਮਲ ਹੁੰਦੇ ਹੋ, ਤਾਂ ਯੋਜਨਾ:

- ਤੁਹਾਡੀ ਦੇਖਭਾਲ ਦਾ ਪ੍ਰਬੰਧਨ ਕਰਨ ਵਿੱਚ ਸਹਾਇਤਾ ਕਰੇਗੀ
- ਡਾਕਟਰ ਅਤੇ ਮਾਹਰ ਲੱਭਣ ਵਿੱਚ ਤੁਹਾਡੀ ਮਦਦ ਕਰੇਗੀ
- 24 ਘੰਟੇ ਦੀ ਨਰਸ ਸਲਾਹ ਲਾਈਨ ਦੇਵੇਗੀ
- ਤੁਹਾਡੀ ਸਹਾਇਤਾ ਕਰਨ ਲਈ ਮੈਂਬਰ ਸੇਵਾਵਾਂ ਦੇਵੇਗੀ

- ਡਾਕਟਰੀ ਮੁਲਾਕਾਤਾਂ ਲਈ ਆਉਣ-ਜਾਣ ਵਿੱਚ ਤੁਹਾਡੀ ਸਹਾਇਤਾ ਕਰੇਗੀ
- ਤੁਹਾਡੀ ਲੋੜ ਦੀਆਂ ਉਹ ਸੇਵਾਵਾਂ ਪ੍ਰਾਪਤ ਕਰਨ ਵਿੱਚ ਤੁਹਾਡੀ ਸਹਾਇਤਾ ਕਰੇਗੀ ਜਿਨ੍ਹਾਂ ਨੂੰ ਯੋਜਨਾ ਕਵਰ ਨਹੀਂ ਕਰਦੀ ਹੈ

## ਇਸ ਤੋਂ ਬਾਅਦ ਕੀ ਹੁੰਦਾ ਹੈ?

ਤੁਹਾਨੂੰ ਡਾਕ ਰਾਹੀਂ *My Medi-Cal Choice* ਪੈਕਟ ਮਿਲ ਗਿਆ ਹੋਵੇਗਾ। ਇਹ ਦੱਸਦਾ ਹੈ ਕਿ ਸਿਹਤ ਯੋਜਨਾ ਅਤੇ ਡਾਕਟਰ ਦੀ ਚੋਣ ਕਿਵੇਂ ਕਰਨੀ ਹੈ। ਫੋਨ ਰਾਹੀਂ ਕਿਸੇ ਯੋਜਨਾ ਵਿੱਚ ਸ਼ਾਮਲ ਹੋਣ ਲਈ, Health Care Options (HCO) ਨੂੰ **1-833-387-7723** (TTY: 1-800-430-7077) ਤੇ ਕਾਲ ਕਰੋ।

## ਮੇਰੇ ਕੋਲ ਕਿਹੜੇ ਵਿਕਲਪ ਉਪਲਬਧ ਹਨ?

1. ਤੁਸੀਂ ਕੁਝ ਨਾ ਕਰਨ ਦੀ ਚੋਣ ਕਰ ਸਕਦੇ ਹੋ। ਅਸੀਂ **1 ਮਾਰਚ, 2020** ਨੂੰ ਤੁਹਾਨੂੰ ਉੱਪਰ ਸੂਚੀਬੱਧ Medi-Cal ਸਿਹਤ ਯੋਜਨਾ ਵਿੱਚ ਸ਼ਾਮਲ ਕਰਾਂਗੇ।
2. ਤੁਸੀਂ **1 ਮਾਰਚ**, **2020** ਤੋਂ **ਪਹਿਲਾਂ** ਉੱਪਰ ਸੂਚੀਬੱਧ Medi-Cal ਸਿਹਤ ਯੋਜਨਾ ਵਿੱਚ ਸ਼ਾਮਲ ਹੋ ਸਕਦੇ ਹੋ ਅਤੇ ਡਾਕਟਰ ਜਾਂ ਕਲੀਨਿਕ ਦੀ ਚੋਣ ਕਰ ਸਕਦੇ ਹੋ।
3. ਤੁਸੀਂ ਕਿਸੇ **ਵੱਖਰੀ** Medi-Cal ਸਿਹਤ ਯੋਜਨਾ ਵਿੱਚ ਦਾਖਲ ਹੋ ਸਕਦੇ ਹੋ ਅਤੇ ਉਸ ਯੋਜਨਾ ਵਿੱਚ ਕੋਈ ਡਾਕਟਰ ਜਾਂ ਕਲੀਨਿਕ ਦੀ ਚੋਣ ਕਰ ਸਕਦੇ ਹੋ।

ਜੇ ਤੁਸੀਂ ਉੱਪਰ ਸੂਚੀਬੱਧ ਯੋਜਨਾ ਜਾਂ ਹੁਣ ਕਿਸੇ ਵੱਖਰੀ ਯੋਜਨਾ ਵਿੱਚ ਦਾਖਲ ਹੋਣਾ ਚਾਹੁੰਦੇ ਹੋ, ਤਾਂ HCO ਨੂੰ **1-833-387-7723** (TTY: 1-800-430-7077) ਤੇ ਕਾਲ ਕਰੋ। ਜਾਂ ਤੁਹਾਡੇ ਪੈਕਟ ਵਿੱਚ ਆਇਆ ਚੋਣ ਫਾਰਮ ਡਾਕ ਰਾਹੀਂ ਭੇਜ ਸਕਦੇ ਹੋ। ਜੇ ਤੁਸੀਂ 1 ਮਾਰਚ, 2020 ਤੋਂ ਪਹਿਲਾਂ ਸਿਹਤ ਯੋਜਨਾ ਵਿੱਚ ਸ਼ਾਮਲ ਹੋ ਜਾਂਦੇ ਹੋ, ਤਾਂ ਤੁਹਾਡੀ ਸਿਹਤ ਯੋਜਨਾ ਜਲਦੀ ਤੋਂ ਜਲਦੀ **1 ਫਰਵਰੀ, 2020** ਤੋਂ ਸ਼ੁਰੂ ਹੋ ਸਕਦੀ ਹੈ।

## ਮੈਨੂੰ ਦੰਦਾਂ ਦੀ ਦੇਖਭਾਲ ਸੰਬੰਧੀ ਸੇਵਾਵਾਂ ਕਿਵੇਂ ਮਿਲਣਗੀਆਂ?

ਦੰਦਾਂ ਦੀ ਦੇਖਭਾਲ ਸੰਬੰਧੀ ਸੇਵਾਵਾਂ ਲੈਣ ਲਈ ਤੁਹਾਡੇ ਕੋਲ ਦੋ ਵਿਕਲਪ ਹੋਣਗੇ:

- ਤੁਸੀਂ Medi-Cal ਦੁਆਰਾ ਕਵਰ ਕੀਤੇ **ਡੈਂਟਲ ਪਲਾਨ** ਵਿੱਚ ਸ਼ਾਮਲ ਹੋ ਸਕਦੇ ਹੋ। ਤੁਹਡੇ *My Medi-Cal Choice* ਪੈਕੇਟ ਵਿੱਚ ਡੈਂਟਲ ਯੋਜਨਾ ਚੋਣ ਫਾਰਮ ਅਤੇ ਦੰਦਾਂ ਦੀ ਦੇਖਭਾਲ ਸੰਬੰਧੀ ਯੋਜਨਾਵਾਂ ਬਾਰੇ ਜਾਣਕਾਰੀ ਹੋਵੇਗੀ। ਦੰਦਾਂ ਦੀ ਦੇਖਭਾਲ ਸੰਬੰਧੀ ਯੋਜਨਾ ਬਾਰੇ ਜਾਣਕਾਰੀ ਜਾਂ ਸ਼ਾਮਲ ਹੋਣ ਲਈ ਸਹਾਇਤਾ ਵਾਸਤੇ, HCO ਨੂੰ **1-833-387-7723** (TTY: 1-800-430-7077) ਤੇ ਕਾਲ ਕਰੋ।
- ਜਾਂ ਤੁਸੀਂ Medi-Cal ਡੈਂਟਲ ਪ੍ਰੋਗਰਾਮ ਰਾਹੀਂ ਦੰਦਾਂ ਦੀ ਦੇਖਭਾਲ ਸੰਬੰਧੀ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ। Medi-Cal ਡੈਂਟਲ ਬਾਰੇ ਜਾਣਕਾਰੀ ਲਈ, Medi-Cal ਡੈਂਟਲ ਗਾਹਕ ਸੇਵਾ ਨੂੰ 1-800-322-6384 (TTY: 1-800-735-2922) ਤੇ ਕਾਲ ਕਰੋ।

ਜੇ ਤੁਸੀਂ **1 ਮਾਰਚ, 2020** ਤੋਂ ਪਹਿਲਾਂ ਦੰਦਾਂ ਦੀ ਦੇਖਭਾਲ ਸੰਬੰਧੀ ਯੋਜਨਾ ਨਹੀਂ ਚੁਣਦੇ ਹੋ, ਤਾਂ ਤੁਹਾਨੂੰ Medi-Cal ਡੈਂਟਲ ਵਿੱਚ ਸ਼ਾਮਲ ਕਰ ਲਿਆ ਜਾਵੇਗਾ।

ਇਸ ਪੱਤਰ ਦੇ ਨਾਲ ਆਏ ਅਕਸਰ ਪੁੱਛੇ ਜਾਂਦੇ ਸਵਾਲ (FAQ) ਪੰਨੇ ਤੇ Medi-Cal ਰਾਹੀਂ ਉਪਲਬਧ ਹੋਰ ਸੇਵਾਵਾਂ ਬਾਰੇ ਵਧੇਰੇ ਜਾਣਕਾਰੀ ਹੈ। ਉਹਨਾਂ ਵਿੱਚ ਮਾਨਸਿਕ ਸਿਹਤ ਸੇਵਾਵਾਂ, ਸ਼ਰਾਬ ਅਤੇ ਨਸ਼ੀਲੇ ਪਦਾਰਥਾਂ ਦੇ ਇਲਾਜ ਦੀਆਂ ਸੇਵਾਵਾਂ, ਨਜ਼ਰ (ਅੱਖਾਂ) ਦੀ ਦੇਖਭਾਲ, ਅਤੇ ਹੋਰ ਡਾਕਟਰੀ ਤੌਰ ਤੇ ਲੋੜੀਂਦੀਆਂ ਸੇਵਾਵਾਂ ਸ਼ਾਮਲ ਹਨ।

## ਹੁਣ ਮੈਨੂੰ ਕੀ ਕਰਨਾ ਚਾਹੀਦਾ ਹੈ?

- ਆਪਣੇ ਡਾਕਟਰ ਜਾਂ ਕਲੀਨਿਕ ਨਾਲ ਗੱਲ ਕਰਕੇ ਪਤਾ ਲਗਾਓ ਕਿ ਉਹ ਕੋਈ Medi-Cal ਯੋਜਨਾ ਸਵੀਕਾਰ ਕਰਦੇ ਹਨ ਜਾਂ ਨਹੀਂ।
- ਇਸ ਪੱਤਰ ਵਿੱਚ ਉੱਪਰ "**ਮੇਰੇ ਕੋਲ ਕਿਹੜੇ ਵਿਕਲਪ ਉਪਲਬਧ ਹਨ?**" ਵਿੱਚੋਂ ਇੱਕ ਵਿਕਲਪ ਚੁਣੋ।
- ਯੋਜਨਾ ਦੀਆਂ ਚੋਣਾਂ ਬਾਰੇ ਹੋਰ ਜਾਣਕਾਰੀ ਲਈ HCO ਨੂੰ **1-833-387-7723** (TTY: 1-800-430-7077) ਤੇ ਕਾਲ ਕਰੋ। ਜਾਂ ਡਾਕ ਰਾਹੀਂ *My Medi-Cal Choice* ਪੈਕਟ ਦੀ ਉਡੀਕ ਕਰੋ। ਪੈਕੇਟ Department of Health Care Services ਤੋਂ ਇੱਕ ਵੱਡੇ ਲਿਫਾਫੇ ਵਿੱਚ ਆਉਂਦਾ ਹੈ।

- ਤੁਸੀਂ ਸਾਡੀ ਵੈੱਬਸਾਈਟ: **www.healthcareoptions.dhcs.ca.gov** ਤੇ ਵੀ ਜਾ ਸਕਦੇ ਹੋ।

ਜੇ ਤੁਹਾਨੂੰ ਵਧੇਰੇ ਸਹਾਇਤਾ ਚਾਹੀਦੀ ਹੈ, ਤਾਂ Department of Health Care Services Ombudsman ਨੂੰ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ 1-888-452-8609 ਤੇ ਕਾਲ ਕਰੋ। ਇਹ ਕਾਲ ਮੁਫ਼ਤ ਹੁੰਦੀ ਹੈ।

## ਜੇ ਮੈਂ ਹੋਰ ਸਵਾਲ ਪੁੱਛਣਾ ਚਾਹਾਂ ਤਾਂ?

**ਪਦਾਰਥਾਂ ਦੀ ਵਰਤੋਂ ਨਾਲ ਜੁੜੀ ਬਿਮਾਰੀ ਸੰਬੰਧੀ ਸੇਵਾਵਾਂ**
ਐਮਰਜੈਂਸੀ ਕਾਉਂਸਲਿੰਗ, ਡੀਟੌਕਸੀਫਿਕੇਸ਼ਨ ਸੇਵਾਵਾਂ ਅਤੇ ਰਿਹਾਇਸ਼ੀ ਜਾਂ ਲੰਬੇ ਸਮੇਂ ਦੇ ਬਾਹਰੀ ਮਰੀਜ਼ ਵਜੋਂ ਇਲਾਜ ਵਿੱਚ ਸਹਾਇਤਾ ਲਈ ਸ਼ਰਾਬ ਅਤੇ ਹੋਰ ਨਸ਼ੀਲੇ ਪਦਾਰਥ ਪ੍ਰੋਗਰਾਮ ਬਾਰੇ ਕਾਉਂਟੀ ਡਾਇਰੈਕਟਰੀ (Alcohol and Other Drugs Program County Directory) ਦੀ ਵੈੱਬਸਾਈਟ ਤੇ ਸੂਚੀਬੱਧ ਆਪਣੇ ਸਥਾਨਕ ਪ੍ਰੋਗਰਾਮ ਨਾਲ ਸੰਪਰਕ ਕਰੋ:
**www.dhcs.ca.gov/individuals/Pages/SUD_County_Access_Lines.aspx**

**ਮਾਨਸਿਕ ਸਿਹਤ ਸੇਵਾਵਾਂ**
ਗੈਰ-ਐਮਰਜੈਂਸੀ ਸਵਾਲਾਂ, ਆਮ ਸੇਵਾਵਾਂ ਜਾਂ ਜਾਣਕਾਰੀ ਲਈ, ਕਾਉਂਟੀ ਮਾਨਸਿਕ ਸਿਹਤ ਯੋਜਨਾ ਦੀ ਸੰਪਰਕ ਸੂਚੀ (County Mental Health Plan Contact List) ਦੀ ਵੈੱਬਸਾਈਟ ਤੇ ਸੂਚੀਬੱਧ ਆਪਣੇ ਸਥਾਨਕ ਮਾਨਸਿਕ ਸਿਹਤ ਵਿਭਾਗ ਨਾਲ ਸੰਪਰਕ ਕਰੋ: **www.dhcs.ca.gov/individual/Pages/MHPContactList.aspx**

ਉੱਪਰ ਸੂਚੀਬੱਧ Medi-Cal ਸਿਹਤ ਯੋਜਨਾ ਵਿੱਚ ਦਾਖਲ ਹੋਣ ਤੋਂ ਬਾਅਦ, ਤੁਸੀਂ ਮਾਨਸਿਕ ਸਿਹਤ ਸੇਵਾਵਾਂ ਵਿੱਚ ਸਹਾਇਤਾ ਲਈ ਆਪਣੀ ਯੋਜਨਾ ਦੀਆਂ ਮੈਂਬਰ ਸੇਵਾਵਾਂ ਦੇ ਫੋਨ ਨੰਬਰ ਤੇ ਵੀ ਕਾਲ ਕਰ ਸਕਦੇ ਹੋ।

**Health Care Options**
ਤੁਹਾਡੇ Medi-Cal ਲਾਭਾਂ ਵਿੱਚ ਤਬਦੀਲੀਆਂ ਬਾਰੇ ਸਵਾਲਾਂ, ਫੋਨ ਰਾਹੀਂ ਸ਼ਾਮਲ ਹੋਣ ਵਿੱਚ ਮਦਦ ਲਈ, ਦੰਦਾਂ ਦੀ ਦੇਖਭਾਲ ਸੰਬੰਧੀ ਯੋਜਨਾ ਵਿੱਚ ਸ਼ਾਮਲ ਹੋਣ ਵਿੱਚ ਮਦਦ ਲਈ ਜਾਂ ਇਹ ਪੱਤਰ ਕਿਸੇ ਹੋਰ ਭਾਸ਼ਾ, ਵੱਡੇ ਅੱਖਰਾਂ, ਆਡੀਓ ਜਾਂ ਬ੍ਰੇਲ ਵਿੱਚ ਪ੍ਰਾਪਤ ਕਰਨ ਲਈ:

ਕਾਲ ਕਰੋ: **1-833-387-7723** (TTY: 1-800-430-7077), ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8 ਤੋਂ ਸ਼ਾਮ 6 ਵਜੇ ਤੱਕ ਜਾਂ ਇਸ ਵੈੱਬਸਾਈਟ ਤੇ ਜਾਓ: **www.healthcareoptions.dhcs.ca.gov**

**Medi-Cal ਦੰਦਾਂ ਦੀ ਦੇਖਭਾਲ ਸੰਬੰਧੀ ਗਾਹਕ ਸੇਵਾ**
Sacramento ਨੂੰ ਛੱਡ ਕੇ ਸਾਰੀਆਂ ਕਾਉਂਟੀਆਂ ਵਿੱਚ Medi-Cal ਨਾਲ ਜੁੜਿਆ ਦੰਦਾਂ ਦਾ ਡਾਕਟਰ ਲੱਭਣ ਵਿੱਚ ਸਹਾਇਤਾ, ਕਲੀਨਿਕਲ ਮੁੱਢਲੀ-ਜਾਂਚ ਲਈ ਮੁਲਾਕਾਤ ਬਾਰੇ ਜਾਣਕਾਰੀ ਜਾਂ ਆਮ Medi-Cal ਦੰਦਾਂ ਦੀ ਦੇਖਭਾਲ ਪ੍ਰੋਗਰਾਮ ਸੰਬੰਧੀ ਸਵਾਲਾਂ ਲਈ:

**1-800-322-6384** (TTY: 1-800-735-2922), ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8 ਤੋਂ ਸ਼ਾਮ 5 ਵਜੇ ਤੱਕ ਕਾਲ ਕਰੋ ਜਾਂ ਇਸ ਵੈੱਬਸਾਈਟ ਤੇ ਜਾਓ: **www.denti-cal.ca.gov/Beneficiaries/Denti-Cal**